# ਹੀਅਰਿੰਗ ਦੀ ਸਕ੍ਰੀਨਿੰਗ ਲਈ ਰੈਫ਼ਰਲ

## ਮੇਰੇ ਬੱਚੇ ਨੂੰ ਸੁਣਨ ਦੀ ਸਮਰੱਥਾ ਦੀ ਇੱਕ ਹੋਰ ਜਾਂਚ ਦੀ ਲੋੜ ਕਿਉਂ ਹੈ?

ਬਹੁਤ ਸਾਰੇ ਬੱਚਿਆਂ ਨੂੰ ਸਕ੍ਰੀਨਿੰਗ ਦੁਹਰਾਉਣ ਦੀ ਲੋੜ ਹੁੰਦੀ ਹੈ। ਇਹ ਜ਼ਰੂਰੀ ਨਹੀਂ ਕਿ ਤੁਹਾਡੇ ਬੱਚੇ ਨੂੰ ਸੁਣਨ ਵਿੱਚ ਕੋਈ ਸਮੱਸਿਆ ਹੋਵੇ, ਪਰ ਇਹ ਬਹੁਤ ਮਹੱਤਵਪੂਰਨ ਹੈ ਕਿ ਤੁਸੀਂ ਸਾਰੇ ਨਿਰਧਾਰਤ ਫਾਲੋ-ਅੱਪ ਅਪੌਇੰਟਮੈਂਟਸ 'ਤੇ ਜ਼ਰੂਰ ਜਾਓ।

ਹਮੇਸ਼ਾ ਪਹਿਲੀ ਜਾਂਚ ਦਾ ਠੀਕ ਹੋਣਾ ਸੰਭਵ ਨਹੀਂ ਹੁੰਦਾ। ਸੁਣਨ ਦੀ ਸਮਰੱਥਾ ਦੀ ਜਾਂਚ ਵਿੱਚ ਕਈ ਕਾਰਕ ਦਖਲ ਦੇ ਸਕਦੇ ਹਨ। ਉਦਾਹਰਨ ਲਈ, ਕਮਰੇ ਵਿੱਚ ਸ਼ੋਰ, ਇੱਕ ਸਰਗਰਮ ਬੱਚਾ, ਜਾਂ ਜਣੇਪੇ ਤੋਂ ਬਾਅਦ ਕੰਨ ਵਿੱਚ ਤਰਲ ਜਾਂ ਮਲਬਾ।

ਸਾਰੇ ਬੱਚੇ ਜਿਨ੍ਹਾਂ ਨੂੰ ਨਿਓਨੇਟਲ ਇੰਟੈਨਸਿਵ ਕੇਅਰ ਯੂਨਿਟ (Neonatal Intensive Care Unit, NICU) ਵਿੱਚ ਰੱਖਿਆ ਗਿਆ ਹੈ ਅਤੇ ਜਿਨ੍ਹਾਂ ਬੱਚਿਆਂ ਦੀ ਪਹਿਲਾਂ ABR ਦੀ ਵਰਤੋਂ ਕਰਕੇ ਜਾਂਚ ਕੀਤੀ ਗਈ ਸੀ, ਉਨ੍ਹਾਂ ਦੀ ABR ਦੀ ਵਰਤੋਂ ਕਰਕੇ ਜਾਂਚ/ ਮੁੜ-ਸਕ੍ਰੀਨਿੰਗ ਕਰਨ ਦੀ ਲੋੜ ਹੈ।

ਇੱਕ ਹਫ਼ਤੇ ਅਤੇ ਇੱਕ ਮਹੀਨੇ ਦੀ ਉਮਰ ਦੇ ਵਿਚਕਾਰ ਬੱਚੇ ਦੀ ਮੁੜ-ਸਕ੍ਰੀਨਿੰਗ ਕਰਨਾ ਸਭ ਤੋਂ ਵਧੀਆ ਹੈ। ਹਸਪਤਾਲ ਤੁਹਾਡੇ ਲਈ ਮੁੜ-ਸਕ੍ਰੀਨਿੰਗ ਲਈ ਅਪਾਇੰਟਮੈਂਟ ਦੇਵੇਗਾ। ਇਸ ਸਮੇਂ ਦੇ ਦੌਰਾਨ, ਕੈਲੀਫੋਰਨੀਆ ਨਵਜਾਤ ਬੱਚਿਆਂ ਦੀ ਸੁਣਨ ਦੀ ਸਮਰੱਥਾ ਦੀ ਜਾਂਚ ਦੇ ਪ੍ਰੋਗਰਾਮ ਦਾ ਹੀਅਰਿੰਗ ਕੋਆਰਡੀਨੇਸ਼ਨ ਸੈਂਟਰ (HCC) ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਲੋੜੀਂਦੀਆਂ ਸੇਵਾਵਾਂ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨ ਲਈ ਉਪਲਬਧ ਹੈ।

## ਤੁਹਾਡੇ ਬੱਚੇ ਦੀ ਮੁੜ-ਸਕ੍ਰੀਨਿੰਗ ਅਪੌਇੰਟਮੈਂਟ

**ਬੱਚੇ ਦਾ ਨਾਮ:** ____________________________________________

**ਅਪੌਇੰਟਮੈਂਟ ਦੀ ਤਾਰੀਖ਼:**______________________________ **ਸਮਾਂ:**______________

**ਸਥਾਨ:** ____________________________________________

**ਸੰਪਰਕ ਨੰਬਰ:**____________________________________________

*ਜੇਕਰ ਤੁਹਾਨੂੰ ਆਪਣੀ ਅਪੌਇੰਟਮੈਂਟ ਰੱਦ/ਮੁੜ-ਨਿਰਧਾਰਤ ਕਰਨ ਦੀ ਲੋੜ ਹੈ ਤਾਂ ਕਿਰਪਾ ਕਰਕੇ ਕਾੱਲ ਕਰੋ।*

## ਮੁੜ-ਸਕ੍ਰੀਨਿੰਗ ਅਪੌਇੰਟਮੈਂਟ ਰੱਖਣਾ ਮਹੱਤਵਪੂਰਨ ਹੈ

ਮੁੜ-ਸਕ੍ਰੀਨਿੰਗ ਤੁਹਾਡੇ ਬੱਚੇ ਦੀ ਸੁਣਨ, ਬੋਲਣ ਅਤੇ ਭਾਸ਼ਾ ਦੀ ਪ੍ਰਗਤੀ ਨੂੰ ਦੇਖਣ ਲਈ ਇੱਕ ਕਦਮ ਹੈ। ਸੁਣਨ ਦੀ ਸਮਰੱਥਾ ਦਾ ਨੁਕਸਾਨ ਅਦਿੱਖ ਹੋ ਸਕਦਾ ਹੈ। ਹੁਣ, ਤਕਨਾਲੋਜੀ ਬੱਚੇ ਦੇ ਜੀਵਨ ਦੇ ਸ਼ੁਰੂਆਤੀ ਦਿਨਾਂ ਵਿੱਚ ਸੁਣਨ ਦੀ ਸਮਰੱਥਾ ਦੀ ਸਮੱਸਿਆ ਦਾ ਪਤਾ ਲਗਾਉਣਾ ਸੰਭਵ ਬਣਾਉਂਦੀ ਹੈ।

ਬੱਚੇ ਦੀ ਜ਼ਿੰਦਗੀ ਦੇ ਪਹਿਲੇ ਕੁਝ ਮਹੀਨੇ ਉਸਦੀ ਬੋਲਚਾਲ ਅਤੇ ਸਮਝਣ ਦੀ ਸਮਰੱਥਾ ਵਿਕਸਿਤ ਕਰਨ ਲਈ ਬਹੁਤ ਜ਼ਰੂਰੀ ਹੁੰਦੇ ਹਨ। ਜਿਸ ਬੱਚੇ ਨੂੰ ਸੁਣਨ ਦੀ ਸਮਰੱਥਾ ਦੀ ਸਮੱਸਿਆ ਜਾਂ ਬੋਲ਼ੇਪਣ ਹੈ, ਉਸਨੂੰ ਆਮ ਭਾਸ਼ਾ ਦੇ ਹੁਨਰ ਵਿਕਸਿਤ ਕਰਨ ਵਿੱਚ ਮੁਸ਼ਕਲ ਆ ਸਕਦੀ ਹੈ ਜਾਂ ਉਹ ਸਕੂਲ ਵਿੱਚ ਚੰਗਾ ਪ੍ਰਦਰਸ਼ਨ ਨਹੀਂ ਕਰ ਸਕਦਾ। ਇਸ ਲਈ ਇਹ ਮਹੱਤਵਪੂਰਨ ਹੈ ਕਿ ਬੱਚੇ ਦੇ ਨੁਕਸਾਨ ਦੀ ਜਲਦੀ ਪਛਾਣ ਕੀਤੀ ਜਾਵੇ ਅਤੇ ਬੱਚੇ ਅਤੇ ਪਰਿਵਾਰ ਨੂੰ ਵਿਸ਼ੇਸ਼ ਸੇਵਾਵਾਂ ਪ੍ਰਦਾਨ ਕੀਤੀਆਂ ਜਾਣ।

## ਮੇਰੇ ਬੱਚੇ ਦੀ ਸੁਣਨ ਸ਼ਕਤੀ ਦੀ ਮੁੜ-ਸਕ੍ਰੀਨਿੰਗ ਕਿਵੇਂ ਕੀਤੀ ਜਾਵੇਗੀ?

ਮੁੜ-ਸਕ੍ਰੀਨਿੰਗ ਤੁਹਾਡੇ ਬੱਚੇ ਦੀ ਹਸਪਤਾਲ ਵਿੱਚ ਕੀਤੀ ਗਈ ਪਹਿਲੀ ਜਾਂਚ ਦੇ ਸਮਾਨ ਹੋਵੇਗੀ। ਸਕ੍ਰੀਨਿੰਗ ਵਿੱਚ ਸਿਰਫ਼ ਕੁਝ ਮਿੰਟ ਲੱਗਣਗੇ, ਜ਼ਿਆਦਾਤਰ ਸੰਭਾਵਨਾ ਹੈ ਜਦੋਂ ਤੁਹਾਡਾ ਬੱਚਾ ਸੌਂ ਰਿਹਾ ਹੋਵੇ। ਬੱਚਿਆਂ ਲਈ ਖਾਸ ਤੌਰ 'ਤੇ ਬਣਾਏ ਗਏ ਈਅਰਫੋਨ ਰਾਹੀਂ ਨਰਮ ਆਵਾਜ਼ਾਂ ਵਜਾਈਆਂ ਜਾਣਗੀਆਂ। ਤੁਹਾਡੇ ਬੱਚੇ ਦੀਆਂ ਆਵਾਜ਼ ਪ੍ਰਤੀ ਪ੍ਰਤੀਕਿਰਿਆਵਾਂ ਨੂੰ ਆਟੋਅਕੋਸਟਿਕ ਐਮੀਸ਼ਨ (OAE) ਜਾਂ ਆਡੀਟਰੀ ਬ੍ਰੇਨਸਟੈਮ ਰਿਸਪਾਂਸ (ABR) ਦੁਆਰਾ ਆਪਣੇ ਆਪ ਮਾਪਿਆ ਜਾਵੇਗਾ।

## ਬੱਚੇ ਦੀ ਸੁਣਨ ਸ਼ਕਤੀ ਦੀ ਮੁੜ-ਸਕ੍ਰੀਨਿੰਗ ਲਈ ਤਿਆਰੀ ਕਰਨ ਲਈ ਤੁਸੀਂ ਕੀ ਕਰ ਸਕਦੇ ਹੋ

ਜੇ ਤੁਹਾਡਾ ਬੱਚਾ ਟੈਸਟ ਦੌਰਾਨ ਸੌਂ ਰਿਹਾ ਹੈ ਤਾਂ ਇਹ ਮਦਦਗਾਰ ਹੋਵੇਗਾ। ਸੁਣਨ ਸ਼ਕਤੀ ਦੀ ਮੁੜ-ਜਾਂਚ ਲਈ ਤੁਹਾਡੇ ਬੱਚੇ ਨੂੰ ਤਿਆਰ ਕਰਨ ਵਿੱਚ ਮਦਦ ਕਰਨ ਲਈ ਕੁਝ ਸੁਝਾਅ ਸ਼ਾਮਲ ਹਨ:

- ਕੋਸ਼ਿਸ਼ ਕਰੋ ਕਿ ਅਪੌਇੰਟਮੈਂਟ ਤੋਂ ਪਹਿਲਾਂ ਆਪਣੇ ਬੱਚੇ ਨੂੰ ਸੌਣ ਨਾ ਦਿਓ।
- ਟੈਸਟ ਕਰਨ ਤੋਂ ਠੀਕ ਪਹਿਲਾਂ ਆਪਣੇ ਬੱਚੇ ਨੂੰ ਦੁੱਧ ਪਿਲਾਉਣ ਨਾਲ ਉਸਨੂੰ ਸੌਣ ਵਿੱਚ ਮਦਦ ਮਿਲ ਸਕਦੀ ਹੈ।
- ਇੱਕ ਕੰਬਲ, ਵਾਧੂ ਡਾਇਪਰ, ਕੱਪੜੇ ਬਦਲਣ ਦਾ ਸਮਾਨ, ਅਤੇ ਜੇਕਰ ਵਰਤਿਆ ਜਾਵੇ ਤਾਂ ਵਾਧੂ ਫਾਰਮੂਲਾ ਨਾਲ ਲਿਆਓ।

## ਹੀਅਰਿੰਗ ਦੀ ਮੁੜ-ਸਕ੍ਰੀਨਿੰਗ ਲਈ ਕੌਣ ਭੁਗਤਾਨ ਕਰਦਾ ਹੈ?

ਬੀਮਾ ਆਮ ਤੌਰ 'ਤੇ ਨਵਜਾਤ ਬੱਚੇ ਦੀ ਹੀਅਰਿੰਗ ਦੀ ਜਾਂਚ ਦੀ ਲਾਗਤ ਨੂੰ ਕਵਰ ਕਰਦਾ ਹੈ। ਯੋਗ ਬੱਚਿਆਂ ਦੀ ਜਾਂਚ ਦਾ ਖਰਚਾ Medi-Cal ਵੱਲੋਂ ਅਦਾ ਕੀਤਾ ਜਾਵੇਗਾ।

## ਮੁੜ-ਸਕ੍ਰੀਨਿੰਗ ਤੋਂ ਬਾਅਦ ਕੀ ਹੋਵੇਗਾ

ਤੁਹਾਨੂੰ ਅਤੇ ਤੁਹਾਡੇ ਬੱਚੇ ਦੇ ਡਾਕਟਰ ਜਾਂ ਸਿਹਤ ਸੰਭਾਲ ਪ੍ਰਦਾਤਾ ਨੂੰ ਸੁਣਨ ਦੀ ਸਮਰੱਥਾ ਦੀ ਮੁੜ-ਸਕ੍ਰੀਨਿੰਗ ਦੇ ਨਤੀਜੇ ਦਿੱਤੇ ਜਾਣਗੇ। ਇਹ ਸੰਭਾਵਨਾ ਹੈ ਕਿ ਤੁਹਾਡਾ ਬੱਚਾ ਮੁੜ-ਸਕਰੀਨਿੰਗ 'ਚ ਪਾਸ ਹੋ ਜਾਵੇਗਾ ਕੁਝ ਬੱਚਿਆਂ ਨੂੰ ਸੁਣਨ ਦੀ ਸਮਰੱਥਾ ਦੇ ਪੂਰੇ ਮੁਲਾਂਕਣ ਦੀ ਲੋੜ ਹੋਵੇਗੀ।ਜੇਕਰ ਮੁੜ-ਸਕ੍ਰੀਨਿੰਗ ਦੇ ਸਮੇਂ ਇਹ ਪਤਾ ਲੱਗਦਾ ਹੈ ਕਿ ਤੁਹਾਡੇ ਬੱਚੇ ਨੂੰ ਡਾਇਗਨੌਸਟਿਕ ਸੁਣਨ ਸ਼ਕਤੀ ਦੇ ਮੁਲਾਂਕਣ ਦੀ ਲੋੜ ਹੈ, ਤਾਂ ਮੁੜ-ਸਕ੍ਰੀਨਿੰਗ ਕਰਨ ਵਾਲਾ ਵਿਅਕਤੀ ਤੁਹਾਡੇ ਲਈ ਮੁਲਾਂਕਣ ਨਿਰਧਾਰਤ ਕਰ ਸਕਦਾ ਹੈ ਜਾਂ ਤੁਹਾਨੂੰ ਕਿਸੇ ਹੋਰ ਪ੍ਰਦਾਤਾ ਕੋਲ ਭੇਜ ਸਕਦਾ ਹੈ।

ਇਹ ਧਿਆਨ ਦੇਣਾ ਮਹੱਤਵਪੂਰਨ ਹੈ ਕਿ ਤੁਹਾਡੇ ਬੱਚੇ ਦੀ ਭਾਸ਼ਾ ਅਤੇ ਬੋਲੀ ਕਿਵੇਂ ਵਿਕਸਿਤ ਹੁੰਦੀ ਹੈ। ਇਸ ਬਰੋਸ਼ਰ ਵਿੱਚ "ਉਮਰ ਅਨੁਸਾਰ ਸੁਣਨ ਅਤੇ ਬੋਲਣ ਦੇ ਪੜਾਅ" ਜਾਣਕਾਰੀ ਵਿੱਚ ਕੁਝ ਚੀਜ਼ਾਂ ਦੀ ਸੂਚੀ ਦਿੱਤੀ ਗਈ ਹੈ ਜੋ ਜ਼ਿਆਦਾਤਰ ਬੱਚੇ ਵੱਖ-ਵੱਖ ਉਮਰਾਂ ਵਿੱਚ ਕਰਨਗੇ।

## ਉਮਰ ਅਨੁਸਾਰ ਸੁਣਨ ਅਤੇ ਬੋਲਣ ਦੇ ਪੜਾਅ

| ਉਮਰ | ਸੁਣਨ ਅਤੇ ਬੋਲਣ ਦੇ ਪੜਾਅ |
|---|---|
| **ਜਨਮ ਤੋਂ 3 ਮਹੀਨੇ ਤੱਕ** | » ਜਾਣੀਆਂ-ਪਛਾਣੀਆਂ ਆਵਾਜ਼ਾਂ ਨੂੰ ਸੁਣ ਕੇ ਚੁੱਪ ਹੋਣਾ<br>» ਉੱਚੀਆਂ ਆਵਾਜ਼ਾਂ 'ਤੇ ਪ੍ਰਤੀਕਿਰਿਆ ਕਰਦਾ/ਦੀ ਹੈ, ਬੱਚਾ ਡਰਦਾ/ਦੀ ਹੈ, ਝਪਕਦਾ/ਦੀ ਹੈ, ਚੂਸਣਾ ਬੰਦ ਕਰ ਦਿੰਦਾ/ਦੀ ਹੈ, ਰੋਂਦਾ/ਦੀ ਹੈ, ਜਾਂ ਜਾਗ ਜਾਂਦਾ/ਦੀ ਹੈ।<br>» ਜਾਗਣ 'ਤੇ ਨਰਮ ਆਵਾਜ਼ਾਂ ਕੱਢਦਾ/ਦੀ ਹੈ, ਬੱਚਾ ਗੁੜਗੁੜਾਉਂਦਾ/ਦੀ ਹੈ। |
| **3 ਤੋਂ 6 ਮਹੀਨੇ** | » ਅੱਖਾਂ ਜਾਂ ਸਿਰ ਨੂੰ ਆਵਾਜ਼ਾਂ, ਧੁਨੀਆਂ, ਸ਼ੋਰ ਪੈਦਾ ਕਰਨ ਵਾਲੇ ਖਿਡੌਣਿਆਂ, ਕੁੱਤੇ ਦੇ ਭੌਂਕਣ ਵੱਲ ਮੋੜਦਾ ਹੈ।<br>» "ਗਾ", "ਓਹ", "ਬਾ" ਅਤੇ ਪ, ਬ, ਮ ਵਰਗੀਆਂ ਧੁਨੀਆਂ ਕੱਢਣੀਆਂ ਸ਼ੁਰੂ ਕਰ ਦਿੰਦਾ/ਦੀ ਹੈ।<br>» ਤੁਹਾਡੀ ਆਵਾਜ਼ ਦੇ ਲਹਿਜੇ ਵਿੱਚ ਤਬਦੀਲੀ 'ਤੇ ਪ੍ਰਤੀਕਿਰਿਆ ਕਰਦਾ/ਦੀ ਹੈ |
| **6 ਤੋਂ 9 ਮਹੀਨੇ** | » ਆਪਣੇ ਨਾਮ ਦਾ ਜਵਾਬ ਦਿੰਦਾ/ਦੀ ਹੈ ਅਤੇ ਬੁਲਾਏ ਜਾਣ 'ਤੇ ਦੇਖਦਾ/ਦੀ ਹੈ।<br>» ਸਧਾਰਨ ਸ਼ਬਦਾਂ ਨੂੰ ਸਮਝਦਾ/ਦੀ ਹੈ, "ਨਹੀਂ," "ਬਾਏ-ਬਾਏ," "ਜੂਸ"<br>» ਤੁਤਲਾਉਂਦਾ ਹੈ, "ਦਾ ਦਾ ਦਾ," "ਮਾ ਮਾ ਮਾ," "ਬਾ ਬਾ ਬਾ" |
| **9 ਤੋਂ 12 ਮਹੀਨੇ** | » ਨਰਮ ਜਾਂ ਉੱਚੀ ਆਵਾਜ਼ਾਂ ਦੋਵਾਂ ਦਾ ਜਵਾਬ ਦਿੰਦਾ ਹੈ।<br>» ਇੱਕਲੇ ਸ਼ਬਦਾਂ ਨੂੰ ਦੁਹਰਾਉਂਦਾ ਹੈ ਅਤੇ ਜਾਨਵਰਾਂ ਦੀਆਂ ਆਵਾਜ਼ਾਂ ਦੀ ਨਕਲ ਕਰਦਾ/ਦੀ ਹੈ।<br>» ਪੁੱਛੇ ਜਾਣ 'ਤੇ ਮਨਪਸੰਦ ਖਿਡੌਣਿਆਂ ਜਾਂ ਭੋਜਨ ਵੱਲ ਇਸ਼ਾਰਾ ਕਰਦਾ/ਦੀ ਹੈ |
| **12 ਤੋਂ 18 ਮਹੀਨੇ** | » 10 ਜਾਂ ਵੱਧ ਸ਼ਬਦਾਂ ਦੀ ਵਰਤੋਂ ਕਰਦਾ/ਦੀ ਹੈ<br>» ਸਰਲ ਬੋਲੀਆਂ ਗਈਆਂ ਹਿਦਾਇਤਾਂ ਦੀ ਪਾਲਣਾ ਕਰਦਾ ਹੈ, "ਬਾਲ ਫੜੋ"<br>» ਪੁੱਛੇ ਜਾਣ 'ਤੇ ਲੋਕਾਂ, ਸਰੀਰ ਦੇ ਅੰਗਾਂ ਜਾਂ ਖਿਡੌਣਿਆਂ ਵੱਲ ਇਸ਼ਾਰਾ ਕਰਦਾ/ਦੀ ਹੈ<br>» ਸੰਗੀਤ 'ਤੇ ਉਛਲਦਾ ਹੈ |

| ਉਮਰ | ਸੁਣਨ ਅਤੇ ਬੋਲਣ ਦੇ ਪੜਾਅ |
| --- | --- |
| **18 ਤੋਂ 24 ਮਹੀਨੇ** | » 20 ਜਾਂ ਵੱਧ ਸ਼ਬਦਾਂ ਦੀ ਵਰਤੋਂ ਕਰਦਾ/ਦੀ ਹੈ<br>» 2 ਜਾਂ ਵੱਧ ਸ਼ਬਦਾਂ ਨੂੰ ਜੋੜਦਾ/ਦੀ ਹੈ, "ਹੋਰ ਜੂਸ," "ਉਹ ਕੀ ਹੈ?"<br>» ਸ਼ਬਦਾਂ ਦੇ ਸ਼ੁਰੂ ਵਿੱਚ ਕਈ ਵੱਖ-ਵੱਖ ਵਿਅੰਜਨ ਧੁਨੀਆਂ ਦੀ ਵਰਤੋਂ ਕਰਦਾ/ਦੀ ਹੈ, b, g, m<br>» ਸਾਧਾਰਨ ਕਹਾਣੀਆਂ ਅਤੇ ਗਾਣੇ ਸੁਣਦਾ/ਦੀ ਹੈ |
| **2 ਤੋਂ 3 ਸਾਲ** | » 2-3 ਸ਼ਬਦਾਂ ਵਾਲੇ ਵਾਕਾਂ ਦੀ ਵਰਤੋਂ ਕਰਦਾ/ਦੀ ਹੈ।<br>» 2 ਸਾਲ ਦੀ ਉਮਰ ਵਿੱਚ, ਲੋਕ ਕੁਝ ਸਮੇਂ ਲਈ ਬੱਚੇ ਦੀ ਗੱਲ ਸਮਝ ਪਾਉਂਦੇ ਹਨ (25%-50%)<br>» 3 ਸਾਲ ਦੀ ਉਮਰ ਵਿੱਚ, ਲੋਕ ਜ਼ਿਆਦਾਤਰ ਸਮੇਂ ਸਮਝ ਲੈਂਦੇ ਹਨ ਕਿ ਬੱਚਾ ਕੀ ਕਹਿ ਰਿਹਾ ਹੈ (50%-75%)।<br>» ਦੋ-ਕਦਮੀ ਨਿਰਦੇਸ਼ਾਂ ਦੀ ਪਾਲਣਾ ਕਰਦਾ ਹੈ, "ਗੇਂਦ ਚੁੱਕੋ ਅਤੇ ਇਸਨੂੰ ਮੇਜ਼ ' ਤੇ ਰੱਖੋ" |

*ਜੇਕਰ ਤੁਹਾਨੂੰ ਆਪਣੇ ਬੱਚੇ ਦੀ ਸੁਣਨ ਦੀ ਸਮਰੱਥਾ ਬਾਰੇ ਕੋਈ ਚਿੰਤਾਵਾਂ ਹਨ, ਤਾਂ ਬੱਚੇ ਦੇ ਡਾਕਟਰ ਜਾਂ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।*

ਕੈਲੀਫੋਰਨੀਆ ਦੇ ਨਵਜਾਤ ਬੱਚਿਆਂ ਦੀ ਹੀਅਰਿੰਗ ਸਕ੍ਰੀਨਿੰਗ ਪ੍ਰੋਗਰਾਮ (NHSP) ਦਾ ਮਕਸਦ ਇਹ ਹੈ ਕਿ ਉਹ ਬੱਚੇ ਜਿਨ੍ਹਾਂ ਵਿੱਚ ਸੁਣਨ ਦੀ ਸਮਰੱਥਾ ਵਿੱਚ ਘਾਟ ਹੈ, ਉਨ੍ਹਾਂ ਦੀ ਪਛਾਣ ਕੀਤੀ ਜਾਵੇ ਅਤੇ ਛੇ ਮਹੀਨੇ ਦੀ ਉਮਰ ਤੱਕ ਉਨ੍ਹਾਂ ਨੂੰ ਲਾਜ਼ਮੀ ਸੇਵਾਵਾਂ ਨਾਲ ਜੋੜਿਆ ਜਾਵੇ। ਇਸ ਪ੍ਰੋਗਰਾਮ ਵਿੱਚ ਹੀਅਰਿੰਗ ਕੋਆਰਡੀਨੇਸ਼ਨ ਸੈਂਟਰ ਹਨ ਜੋ ਪਰਿਵਾਰਾਂ, ਸਿਹਤ ਸੰਭਾਲ ਪ੍ਰਦਾਤਾਵਾਂ ਅਤੇ ਹਸਪਤਾਲਾਂ ਨਾਲ ਮਿਲ ਕੇ ਇਹ ਯਕੀਨੀ ਬਣਾਉਣ ਲਈ ਕੰਮ ਕਰਦੇ ਹਨ ਕਿ ਬੱਚਿਆਂ ਨੂੰ ਲੋੜੀਂਦੀਆਂ ਸੇਵਾਵਾਂ ਮਿਲ ਸਕਣ।

NHSP ਸਿਹਤ ਅਤੇ ਸੁਰੱਖਿਆ ਕੋਡ ਦੀ ਧਾਰਾ 124119 ਦੇ ਅਨੁਸਾਰ ਤੁਹਾਡੇ ਬੱਚੇ ਦੀ ਸੁਣਨ ਦੀ ਸਮਰੱਥਾ ਦੀ ਜਾਂਚ ਬਾਰੇ ਜਾਣਕਾਰੀ ਇਕੱਠੀ ਕਰਦਾ ਹੈ। ਹੀਅਰਿੰਗ ਕੋਆਰਡੀਨੇਸ਼ਨ ਸੈਂਟਰ ਇਸ ਜਾਣਕਾਰੀ ਦੀ ਵਰਤੋਂ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਲੋੜੀਂਦੀਆਂ ਸੇਵਾਵਾਂ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨ ਲਈ ਕਰ ਸਕਦੇ ਹਨ। ਇਹ ਸੰਭਵ ਹੈ ਕਿ ਹੀਅਰਿੰਗ ਕੋਆਰਡੀਨੇਸ਼ਨ ਸੈਂਟਰ ਤੁਹਾਡੇ ਨਾਲ ਫਾਲੋ-ਅੱਪ ਸੇਵਾਵਾਂ ਬਾਰੇ ਸੰਪਰਕ ਕਰ ਸਕਦਾ ਹੈ।

**ਹੋਰ ਜਾਣਕਾਰੀ ਲਈ:**

- » ਟੋਲ ਫ੍ਰੀ 1-877-388-5301 'ਤੇ ਕਾਲ ਕਰੋ।
- » ਜਾਂ ਸਾਡੀ ਵੈਬਸਾਈਟ www.dhcs.ca.gov/services/nhsp ‘ਤੇ ਜਾਓ।